ਪਿੰਗਲਵਾੜਾ ਸੰਸਥਾ (ਬਾਨੀ ਭਗਤ ਪੂਰਨ ਸਿੰਘ) ਦੁਆਰਾ ਪ੍ਰਾਣੀ-ਮਾਤਰ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜ :

**ਬੇ-ਆਸਰਿਆਂ ਲਈ ਆਸਰਾ :** 1221 ਮਰੀਜ਼ਾਂ ਦੇ ਰਹਿਣ ਲਈ ਪਿੰਗਲਵਾੜੇ ਦੀਆਂ ਵੱਖ-ਵੱਖ ਬ੍ਰਾਂਚਾਂ ਵਿਚ ਸੁਚੱਜਾ ਪ੍ਰਬੰਧ ਹੈ :

| | | | |
|---|---|---|---|
| (ੳ) | ਮੁੱਖ ਬ੍ਰਾਂਚ ਅੰਮ੍ਰਿਤਸਰ : ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ਅਤੇ ਪੰਡੋਰੀ ਵੜੈਚ : | — | 521 ਮਰੀਜ਼ |
| (ਅ) | ਜਲੰਧਰ ਬ੍ਰਾਂਚ : | — | 35 ਮਰੀਜ਼ |
| (ੲ) | ਸੰਗਰੂਰ ਬ੍ਰਾਂਚ : | — | 206 ਮਰੀਜ਼ |
| (ਸ) | ਮਾਨਾਂਵਾਲਾ ਬ੍ਰਾਂਚ : | — | 260 ਮਰੀਜ਼ |
| (ਹ) | ਪਲਸੌਰਾ (ਚੰਡੀਗੜ੍ਹ) ਬ੍ਰਾਂਚ : | — | 99 ਮਰੀਜ਼ |
| (ਕ) | ਗੋਇੰਦਵਾਲ ਬ੍ਰਾਂਚ : | — | 100 ਮਰੀਜ਼ |
| | **ਕੁੱਲ** | — | 1221 ਮਰੀਜ਼ |

**ਇਲਾਜ ਸਹੂਲਤਾਂ :**

(ੳ) **ਡਿਸਪੈਂਸਰੀ ਅਤੇ ਲੈਬਾਰਟਰੀ :** ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਵਿਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਨ੍ਹਾਂ ਦਾ ਸਾਲਾਨਾ ਖ਼ਰਚ 60 ਲੱਖ ਰੁਪਏ ਹੈ।

(ਅ) **ਸਹਾਇਕ ਸਟਾਫ਼ :** ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖ-ਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ।

(ੲ) **ਖ਼ੂਨ-ਦਾਨ ਕੈਂਪ :** ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ।

(ਸ) **ਟਰੌਮਾ ਵੈਨ ਅਤੇ ਐਂਬੂਲੈਂਸ :** ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ ਟਰੌਮਾ ਵੈਨ ਜੀ.ਟੀ. ਰੋਡ 'ਤੇ ਹੋਏ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ।

(ਹ) **ਬਣਾਵਟੀ ਅੰਗ ਕੇਂਦਰ :** ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 592 ਲੋੜਵੰਦ ਲਾਭ ਉਠਾ ਚੁੱਕੇ ਹਨ।

(ਕ) **ਆਪਰੇਸ਼ਨ ਥੀਏਟਰ :** ਜਰਨਲ ਆਪਰੇਸ਼ਨ ਕਰਨ ਲਈ ਭਾਈ ਪਿਆਰਾ ਸਿੰਘ ਵਾਰਡ ਵਿਚ ਆਪਰੇਸ਼ਨ ਥੀਏਟਰ ਦੀ ਸੁਵਿਧਾ ਹੈ।

(ਖ) **ਫਿਜ਼ਿਓਥੈਰੇਪੀ ਕੇਂਦਰ (Physiotherapy)** : ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿਚ ਫਿਜ਼ਿਓਥੈਰੇਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫਾਇਦਾ ਲੈ ਰਹੇ ਹਨ। ਹੁਣ ਤਕ 350 ਮਰੀਜ਼ ਫਾਇਦਾ ਲੈ ਚੁੱਕੇ ਹਨ।

**ਵਿੱਦਿਆ ਸੰਬੰਧੀ** : ਗ਼ਰੀਬ ਬੱਚਿਆਂ ਦੀ ਸਿੱਖਿਆ ਲਈ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦਾ ਪ੍ਰਬੰਧ ਹੈ।

(ੳ) **ਭਗਤ ਪੂਰਨ ਸਿੰਘ ਆਦਰਸ਼ ਸਕੂਲ, ਮਾਨਾਂਵਾਲਾ** : ਇਸ ਸਕੂਲ ਵਿਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 550 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ। ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ 75 ਬੱਚੇ ਪਿੰਗਲਵਾੜਾ ਸੰਸਥਾ ਵਿਚ ਪਲੇ ਹਨ।

(ਅ) **ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ (ਕਾਦੀਆਂ)** : ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ, ਜਿੱਥੇ ਯੋਗ ਅਤੇ ਸੁਚੱਜੇ ਅਧਿਆਪਕਾਂ ਦੀ ਅਗਵਾਈ ਵਿਚ ਲੱਗਭੱਗ 300 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ।

(ੲ) **ਸਪੈਸ਼ਲ ਸਿੱਖਿਆ** : ਪਿੰਗਲਵਾੜੇ ਦੇ 55 ਮੰਦ-ਬੁੱਧੀ ਬੱਚਿਆਂ ਲਈ ਮੁੱਖ ਬ੍ਰਾਂਚ ਵਿਚ 'ਭਗਤ ਪੂਰਨ ਸਿੰਘ ਸਕੂਲ ਆਫ ਸਪੈਸ਼ਲ ਐਜੂਕੇਸ਼ਨ' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

(ਸ) **ਗੂੰਗੇ ਬੋਲੇ ਬੱਚਿਆਂ ਦੀ ਸਿੱਖਿਆ** : 'ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ' ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿਚ 15 ਬੱਚੇ ਨਵੇਂ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

(ਹ) **ਕਿੱਤਾਕਾਰੀ ਸਿੱਖਿਆ** : ਬੱਚਿਆਂ ਦੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ, ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣਾ ਅਤੇ ਹੋਰ ਸਿਖਲਾਈ ਦੇ ਕੰਮ, ਯੋਗ ਅਧਿਆਪਕਾਂ ਵਲੋਂ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ। ਕੰਪਿਊਟਰ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

**ਹੋਸਟਲ ਦਾ ਪ੍ਰਬੰਧ** : ਮਾਨਾਂਵਾਲਾ ਵਿਖੇ ਪਿੰਗਲਵਾੜੇ ਦੀਆਂ ਪੜ੍ਹਨ ਵਾਲੀਆਂ ਬੱਚੀਆਂ ਵਾਸਤੇ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ। ਪਿੰਗਲਵਾੜੇ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿਚ ਰਹਿ ਰਹੀਆਂ ਲੜਕੀਆਂ ਦੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ। ਇਕ ਬੱਚੀ ਆਰਕੀਟੈਕਟ ਅਸਿਸਟੈਂਟ ਦਾ ਡਿਪਲੋਮਾ ਕਰਨ ਉਪਰੰਤ ਆਰਕੀਟੈਕਟ ਦੀ ਡਿਗਰੀ ਕਰ ਰਹੀ ਹੈ। ਇਕ ਹੋਰ ਬੱਚੀ ਬੀ.ਪੀ.ਐੱਡ. ਦਾ ਚਾਰ ਸਾਲ ਦਾ ਕੋਰਸ ਕਰ ਰਹੀ ਹੈ।

**ਵਿਆਹ** : ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿਚ ਪਲੇ ਨੌਜਵਾਨ ਲੜਕੀਆਂ ਤੇ ਲੜਕਿਆਂ ਲਈ ਢੁੱਕਵੇਂ ਤੇ ਯੋਗ ਵਰ ਲੱਭ ਕੇ ਉਹਨਾਂ ਨੂੰ

ਗ੍ਰਹਿਸਥੀ ਜੀਵਨ ਵਿਚ ਪਾ ਦਿੱਤਾ ਜਾਂਦਾ ਹੈ। ਹੁਣ ਤਕ 26 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਪਿੰਗਲਵਾੜਾ ਸੰਸਥਾ ਵਲੋਂ ਕੀਤੇ ਜਾ ਚੁੱਕੇ ਹਨ।

**ਵਾਤਾਵਰਣ ਸੰਬੰਧੀ ਕਾਰਜ :**

(ੳ) **ਰੁੱਖ ਲਾਉਣੇ** : ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ। ਇਸ ਕਰਕੇ ਮਾਰੂਥਲ ਬਣ ਰਹੀ ਧਰਤੀ ਦੇ ਭੂ-ਖੋਰ ਨੂੰ ਰੋਕਣ ਲਈ ਪਿੰਗਲਵਾੜਾ ਸੰਸਥਾ ਵਲੋਂ ਵਾਤਾਵਰਣ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ 'ਤੇ ਰੁੱਖ ਲਗਾਏ ਜਾਂਦੇ ਹਨ। ਸੰਨ 2003 ਵਿਚ 15,000, ਸੰਨ 2004 ਵਿਚ 14,000 ਤੇ ਸਾਲ 2005 ਵਿਚ 17,000 ਰੁੱਖ ਲਗਾਏ ਜਾ ਚੁੱਕੇ ਹਨ। ਪਿੰਗਲਵਾੜਾ ਸੰਸਥਾ ਵਲੋਂ ਸੰਨ 2006 ਵਿਚ ਆਪਣੀ ਨਰਸਰੀ ਵਿਚ 60,000 ਬੂਟੇ ਪੈਦਾ ਕਰਕੇ ਵੱਖ-ਵੱਖ ਸੰਸਥਾਵਾਂ ਨੂੰ ਭੇਜੇ ਗਏ ਅਤੇ 20,000 ਪੌਦੇ ਸੰਸਥਾ ਵਲੋਂ ਲਗਾਏ ਗਏ ਹਨ।

(ਅ) **ਨਰਸਰੀ** : ਵੱਖ-ਵੱਖ ਕਿਸਮਾਂ ਦੇ ਰੁੱਖਾਂ ਨੂੰ ਤਿਆਰ ਕਰਨ ਲਈ ਸੰਸਥਾ ਵਲੋਂ 'ਭਗਤ ਪੂਰਨ ਸਿੰਘ ਨਰਸਰੀ' ਤਿਆਰ ਕੀਤੀ ਗਈ ਹੈ। ਇਹ ਕਾਰਜ ਭਗਤ ਪੂਰਨ ਸਿੰਘ ਜੀ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਡਾ: ਬੀਬੀ ਇੰਦਰਜੀਤ ਕੌਰ ਦੀ ਅਗਵਾਈ ਵਿਚ ਹਮੇਸ਼ਾਂ ਜਾਰੀ ਰਹੇਗਾ।

(ੲ) **ਪਾਣੀ ਦੀ ਸੰਭਾਲ** : ਮਾਨਾਂਵਾਲਾ ਕੰਪਲੈਕਸ ਵਿਚ ਸਾਰੀਆਂ ਬਿਲਡਿੰਗਾਂ ਦਾ ਬਰਸਾਤੀ ਪਾਣੀ ਮੁੜ ਧਰਤੀ ਵਿਚ ਪਹੁੰਚਾਉਣ ਦੀ (Water Harvesting Scheme) ਯੋਜਨਾ ਉਲੀਕੀ ਗਈ ਹੈ।

**ਸਮਾਜ-ਕਲਿਆਣ ਸੰਬੰਧੀ ਕੰਮ :**

ਪਿੰਗਲਵਾੜੇ ਵਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ।

(ੳ) **ਜਾਗ੍ਰਿਤੀ** : ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ। ਅਜਿਹਾ ਯੋਗਦਾਨ ਪਿੰਗਲਵਾੜਾ ਵਿਚ ਸਥਾਪਿਤ "ਪੂਰਨ ਪ੍ਰਿੰਟਿੰਗ ਪ੍ਰੈੱਸ" ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਪਾ ਰਹੀ ਹੈ। ਪਿੰਗਲਵਾੜਾ ਦੀ ਪ੍ਰੈੱਸ ਦਾ ਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚਾ 35 ਲੱਖ ਰੁਪਏ ਹੈ।

(ਅ) **ਪੀੜਿਤ ਲੋਕਾਂ ਦੀ ਮਦਦ** : ਕੁਦਰਤੀ ਆਫ਼ਤਾਂ ਜਿਵੇਂ ਕਿ ਹੜ੍ਹ, ਭੂਚਾਲ, ਸੁਨਾਮੀ ਲਹਿਰ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ।

(ੲ) **ਟਰਾਈ ਸਾਈਕਲ ਦੀ ਵੰਡ** : ਭਗਤ ਪੂਰਨ ਸਿੰਘ ਜੀ ਦੀ ਜਨਮ ਸ਼ਤਾਬਤੀ ਦੇ ਮੌਕੇ 'ਤੇ ਸਕੂਲਾਂ ਵਿਚ ਪੜ੍ਹਨ ਵਾਲੇ ਪੋਲੀਓ ਗ੍ਰਸਤ ਵਿਦਿਆਰਥੀਆਂ ਅਤੇ ਹੋਰ ਲੋੜਵੰਦ ਵਿਅਕਤੀਆਂ ਨੂੰ 147 ਟਰਾਈ ਸਾਈਕਲ ਵੰਡੇ ਗਏ।

(ਸ) **ਲਾਵਾਰਸ ਲਾਸ਼ਾਂ ਦਾ ਸਸਕਾਰ** : ਪਿੰਗਲਵਾੜੇ ਵਲੋਂ ਲਾਵਾਰਸ ਲਾਸ਼ਾਂ ਦਾ

ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ। ਸਾਲ 2003 ਵਿਚ 131, ਸਾਲ 2004 ਵਿਚ 72 ਅਤੇ ਸਾਲ 2005 ਵਿਚ 110 ਲਾਵਾਰਸ ਲਾਸ਼ਾਂ ਦਾ ਸਸਕਾਰ ਕੀਤਾ ਗਿਆ।

(ਹ) **ਬਿਰਧਾਂ ਦੀ ਦੇਖਭਾਲ** : ਸੰਗਰੂਰ ਬ੍ਰਾਂਚ ਵਿਚ ਇਕ ਬਿਰਧ-ਘਰ ਮਾਰਚ 2003 ਤੋਂ ਚੱਲ ਰਿਹਾ ਹੈ।

(ਕ) **ਅਜਾਇਬ ਘਰ** : ਬਿਖ਼ਮ ਮਾਰਗ ਦਾ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿਚ ਮੁੱਖ ਦਫ਼ਤਰ ਪਿੰਗਲਵਾੜਾ ਵਿਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਵੀਡੀਓ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵਲੋਂ ਤਿਆਰ ਕਰਵਾਈਆਂ ਗਈਆਂ ਹਨ, ਜਿਵੇਂ 'ਇਕ ਮਿਸਾਲ' 'Pingalwara Presentation' ਅਤੇ 'ਇਹ ਜਨਮ ਤੁਮਾਰੇ ਲੇਖੇ', ਆਦਿ। ਇਹਨਾਂ ਵਿਚ ਫ਼ਿਲਮ Pingalwara Presentation ਦੀ ਪੇਸ਼ਕਾਰੀ ਬਾਰਸੀਲੋਨਾ (ਸਪੇਨ) ਵਿਖੇ ਕੀਤੀ ਗਈ ਤਾਂ ਜੋ ਸਾਰੀ ਦੁਨੀਆਂ ਵਿਚ ਭਗਤ ਜੀ ਦਾ ਸੁਨੇਹਾ ਪਹੁੰਚਾਇਆ ਜਾ ਸਕੇ।

**ਗਊਸ਼ਾਲਾ** : ਮਾਨਾਂਵਾਲਾ ਬ੍ਰਾਂਚ ਵਿਚ ਇਕ ਨਵੀਂ ਗਊਸ਼ਾਲਾ ਦਾ ਨਿਰਮਾਣ ਹੋ ਚੁੱਕਾ ਹੈ। ਇਥੇ 133 ਗਊਆਂ ਤੇ 5 ਮੱਝਾਂ, ਇਕ ਮਾਲੀ (ਝੋਟਾ) ਦੀ ਸੇਵਾ-ਸੰਭਾਲ ਹੋ ਰਹੀ ਹੈ। ਗਊਆਂ ਦੇ ਗੋਬਰ ਨਾਲ ਇਕ ਗੈਸ ਪਲਾਂਟ ਵੀ ਲਗਾਇਆ ਜਾਵੇਗਾ। ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ।

**ਭਵਿੱਖ ਦੀਆਂ ਯੋਜਨਾਵਾਂ** : ਮਾਨਾਂਵਾਲਾ ਬ੍ਰਾਂਚ (ਜੀ.ਟੀ. ਰੋਡ 'ਤੇ ਅੰਮ੍ਰਿਤਸਰ ਤੋਂ 8 ਕਿ:ਮੀ: ਦੂਰੀ 'ਤੇ) ਵਿਚ ਹੇਠ ਲਿਖੇ ਪ੍ਰੋਜੈਕਟਾਂ ਦੀ ਉਸਾਰੀ ਜਾਰੀ ਹੈ।

(ੳ) ਬਿਰਧਾਂ ਲਈ 'ਆਪਣਾ-ਘਰ' ਉਸਾਰੀ ਅਧੀਨ ਹੈ ਜਿਸ ਵਿਚ 98 ਕਮਰੇ ਤੇ ਹੋਰ ਸੁਵਿਧਾਵਾਂ ਹੋਣਗੀਆਂ।

(ਅ) 400 ਮਰਦ ਅਤੇ 225 ਔਰਤ ਮਰੀਜ਼ਾਂ ਵਾਸਤੇ ਤਿੰਨ ਵਾਰਡਾਂ ਦਾ ਪ੍ਰਬੰਧ ਹੈ। ਇਨ੍ਹਾਂ ਵਿਚੋਂ ਇਕ ਔਰਤਾਂ ਦੀ ਵਾਰਡ ਤੇ ਦੋ ਮਰਦਾਂ ਦੀਆਂ ਵਾਰਡਾਂ ਬਣ ਚੁੱਕੀਆਂ ਹਨ।

(ੲ) ਭਗਤ ਜੀ ਦੀ ਮਾਤਾ ਦੀ ਯਾਦ ਨੂੰ ਸਮਰਪਿਤ ਇਕ ਸਥਾਈ ਤੇ ਆਧੁਨਿਕ ਅਜਾਇਬ ਘਰ, ਇਕ ਮੀਟਿੰਗ ਹਾਲ ਤੇ ਇਕ ਪੁਸਤਕਾਲਿਆ ਬਣਾਏ ਜਾ ਚੁੱਕੇ ਹਨ।

(ਸ) ਪਿੰਡ ਧੀਰੇਕੋਟ, ਜੰਡਿਆਲਾ ਗੁਰੂ ਵਿਖੇ ਪਿੰਗਲਵਾੜਾ ਸੁਸਾਇਟੀ ਵਲੋਂ ਪਿੰਗਲਵਾੜੇ ਦਾ ਵਿਸਥਾਰ ਕਰਨ ਲਈ 32 ਏਕੜ ਜ਼ਮੀਨ ਖ਼ਰੀਦੀ ਗਈ ਹੈ।

(ਹ) ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ, ਜ਼ਿਲ੍ਹਾ ਲੁਧਿਆਣਾ ਵਿਖੇ 'ਭਗਤ ਪੂਰਨ ਸਿੰਘ ਯਾਦਗਾਰ' ਉਹਨਾਂ ਦੀ ਪਹਿਲੀ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ, ਜਿਹੜੀ 4 ਜੂਨ, 2004 ਨੂੰ ਮਨਾਈ ਗਈ।

**ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥**

**ਡਾ. ਇੰਦਰਜੀਤ ਕੌਰ**, ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।